ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-4 ਸਾਖਾ)

8081

ਸਿਸਟਮ ਐਨਾਲਿਸਟ

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 22/05/2019 ਨੂੰ ਹੋਈ ਮੀਟਿੰਗ ਉਪਰੰਤ ਕੀਤੀਆਂ ਸਿਫਾਰਸ਼ਾਂ ਸਨਮੁੱਖ ਹੇਠ ਲਿਖੇ ਮੈਡੀਕਲ ਅਫਸਰਾਂ (ਡੈਂਟਲ) ਨੂੰ ਤੋਂ ਬਤੌਰ ਜਿਲ੍ਹਾ ਡੈਂਟਲ ਸਿਹਤ ਅਫਸਰ(ਤਨਖਾਹ ਸਕੇਲ 15600- 39100+7600 ਗ੍ਰੇਡ ਪੇਅ) ਵਿਚ ਪਦ ਉਨਤੀ ਦੇ ਹੁਕਮ ਹੇਠ ਲਿਖੇ ਅਨੁਸਾਰ ਕੀਤੇ ਜਾਂਦੇ ਹਨ:-

31 DEC 2019

| ਲੜੀ ਨੰ: | ਨਾਮ | ਮੌਜੂਦਾ ਪੋਸਟਿੰਗ |
|---|---|---|
| 1. | ਕੁਲਦੀਪ ਧੀਰ | ਸੀ.ਐਚ.ਸੀ.ਕੋਟਕਪੂਰਾ |
| 2. | ਨਰੇਸ਼ ਪਾਲ | ਵੂਮਨ ਐਂਡ ਚਾਇਲਡ ਹਸਪਤਾਲ,ਬਠਿੰਡਾ |
| 3. | ਲੋਕੇਸ਼ ਗੁਪਤਾ | ਸਿਵਲ ਸਰਜਨ,ਗੁਰਦਾਸਪੁਰ |
| 4. | ਅਨਿਲ ਗੁਪਤਾ(ਅ.ਜ) | ਸਿਵਲ ਡਿਸਪੈਨਸਰੀ, ਮੋਹਾਲੀ |

2 ਇਨ੍ਹਾਂ ਕਰਮਚਾਰੀਆਂ ਦੀ ਪੋਸਟਿੰਗ ਸਬੰਧੀ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ। ਇਨ੍ਹਾਂ ਕਰਮਚਾਰੀਆਂ ਦੀ ਤਰੱਕੀ ਹੇਠ ਦਰਸਾਈਆਂ ਸ਼ਰਤਾਂ ਅਧੀਨ ਕੀਤੀ ਜਾਂਦੀ ਹੈ:

1) ਇਹ ਤਰੱਕੀਆਂ ਬਿਲਕੁਲ ਆਰਜੀ ਤੌਰ ਤੇ ਹੋਣਗੀਆਂ ਅਤੇ ਜੇਕਰ ਕੋਈ ਹੋਰ ਕਰਮਚਾਰੀ ਸੀਨੀਆਰਤਾ ਸੂਚੀ ਅਨੁਸਾਰ ਜਾਂ ਕਿਸੇ ਕਾਰਨ ਕਰਕੇ ਇਸ ਤੋਂ ਪਹਿਲਾਂ ਇਸ ਅਸਾਮੀ ਲਈ ਹੱਕਦਾਰ ਪਾਏ ਗਏ ਤਾਂ ਇਨ੍ਹਾਂ ਹੁਕਮਾਂ ਵਿਚ ਕਿਸੇ ਸਮੇਂ ਤੇ ਤਰਮੀਮੇ ਜਾਂ ਤਰੱਕੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।

2) ਇਹ ਤਰੱਕੀਆਂ ਇਸ ਸਾਲ ਦੇ ਸਮੇਂ ਲਈ ਪਰਖ ਅਧੀਨ ਸਮੇਂ ਦੀ ਸ਼ਰਤ ਤੇ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਕਰਮਚਾਰੀਆਂ ਨੂੰ ਅਗਲੀ ਸਲਾਨਾ ਤਰੱਕੀ ਦਾ ਲਾਭ ਪਰਖ ਅਧੀਨ ਸਮਾਂ ਤਸੱਲੀਬਖਸ਼ ਪਾਰ ਹੋਣ ਤੇ ਮਿਲਣਯੋਗ ਹੋਵੇਗਾ।

3) ਜੇਕਰ ਪੱਦ-ਉਨਤ ਹੋਣ ਵਾਲੇ ਕਰਮਚਾਰੀ ਆਪਣੀ ਨਵੀਂ ਪੋਸਟਿੰਗ ਵਾਲੀ ਥਾਂ ਤੇ ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਹਾਜ਼ਰੀ ਰਿਪੋਰਟ ਪੇਸ਼ ਨਹੀਂ ਕਰਨਗੇ ਤਾਂ ਉਹ ਅਗਲੇ 2 ਸਾਲਾਂ ਲਈ ਜਿਲ੍ਹਾ ਡੈਂਟਲ ਸਿਹਤ ਅਫਸਰ ਦੀ ਅਸਾਮੀ ਤੇ ਤਰੱਕੀ ਲਈ ਡੀਬਾਰ ਸਮਝੇ ਜਾਣਗੇ ਅਤੇ ਉਨ੍ਹਾਂ ਤੋਂ ਜੂਨੀਅਰ ਕਰਮਚਾਰੀਆਂ ਨੂੰ ਜਿਲ੍ਹਾ ਡੈਂਟਲ ਅਫਸਰ ਦੀ ਅਸਾਮੀ ਤੇ ਤਰੱਕੀ ਲਈ ਵਿਚਾਰਿਆ ਜਾਵੇਗਾ ਅਤੇ ਡੀਬਾਰ ਕਰਨ ਸਬੰਧੀ ਕੋਈ ਅਲੱਗ ਹੁਕਮ ਜਾਰੀ ਨਹੀਂ ਕੀਤੇ ਜਾਣਗੇ।

ਅਨੁਰਾਗ ਅਗਰਵਾਲ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪ੍ਰੀਵਾਰ ਭਲਾਈ ਵਿਭਾਗ

ਮਿਤੀ, ਚੰਡੀਗੜ੍ਹ:
16-12-2019

ਪਿੱਠ ਅੰ:ਨੰ:1/1/2018-5ਸਿ4/487 - 498

ਮਿਤੀ, ਚੰਡੀਗੜ੍ਹ: 26.12.19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ:-

1. ਨਿੱਜੀ ਸਕੱਤਰ/ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ, ਚੰਡੀਗੜ੍ਹ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
3. ਮੈਨੇਜਿੰਗ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ (ਪਰਿਆਸ ਭਵਨ), ਸੈਕਟਰ-39, ਚੰਡੀਗੜ੍ਹ।
4. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਫੇਜ-6, ਮੋਹਾਲੀ।
5. ਨਿੱਜੀ ਸਕੱਤਰ/ਸਪੈਸ਼ਲ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
6. ਸਮੂਹ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ/ਸਿਹਤ ਸੇਵਾਵਾਂ(ਪਰਿਵਾਰ ਭਲਾਈ)/ਸਿਹਤ ਸੇਵਾਵਾਂ (ਸ.ਬ)।
7. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ (ਮੈਡੀਕਲ ਸਿਖਿਆ ਭਵਨ), ਮੋਹਾਲੀ।
8. ਡਾਇਰੈਕਟਰ, ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ (ਯੂ.ਟੀ.), ਚੰਡੀਗੜ੍ਹ।
9. ਸਮੂਹ ਸਿਵਲ ਸਰਜਨ/ਮੈਡੀਕਲ ਸੁਪਰਡੰਟ, ਈ.ਐਸ.ਆਈ., ਹਸਪਤਾਲ, ਪੰਜਾਬ ਰਾਜ।
10. ਸਿਸਟਮ ਐਨਾਲਿਸਟ ਦਫਤਰ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਨੂੰ ਸਿਹਤ ਵਿਭਾਗ ਪੰਜਾਬ ਦੀ ਵੈਬਸਾਈਟ ਉਤੇ ਅਪਲੋਡ ਕਰਨ ਹਿੱਤ।
11. ਸਬੰਧਤ ਡਾਕਟਰ।
12. ਰਿਕਾਰਡ ਸਿਹਤ-4 ਸਾਖਾ।

ਸੁਪਰਡੰਟ 26.12.19